ਸਰਵਿਕਸ ਸਕ੍ਰੀਨਿੰਗ ਲਈ ਸੱਦਾ

ਨੋਟਿਸ ਦੀ ਮਿਤੀ

Jane Sample
123 Sample Avenue
City, Province, Postal Code

ਪਿਆਰੀ Jane,

ਮੈਂ ਤੁਹਾਨੂੰ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੇ ਕੈਂਸਰ ਦੀ ਜਾਂਚ ਲਈ ਇੱਕ ਸਵੈ-ਸਕ੍ਰੀਨਿੰਗ ਕਿੱਟ ਭੇਜਣਾ ਚਾਹੁੰਦੀ ਹਾਂ, ਜਿਸ ਦੀ ਮਦਦ ਨਾਲ ਤੁਸੀਂ ਆਪਣੀ ਯੋਨੀ 'ਚੋਂ ਨਮੂਨਾ ਖੁਦ ਇਕੱਠਾ ਕਰ ਸਕਦੇ ਹੋ। ਇਹ ਕਿੱਟ ਹਿਊਮਨ ਪੈਪੀਲੋਮਾਵਾਇਰਸ (HPV) ਦੀ ਜਾਂਚ ਕਰਦੀ ਹੈ, ਜੋ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦਾ ਕਾਰਨ ਬਣਦਾ ਹੈ। ਜੇ ਤੁਸੀਂ ਪਿਛਲੇ **3** ਮਹੀਨਿਆਂ ਦੌਰਾਨ ਬੱਚੇਦਾਨੀ ਦੇ ਮੂੰਹ ਦੀ ਸਕ੍ਰੀਨਿੰਗ (ਜਿਵੇਂ ਕਿ ਪੈਪ ਟੈਸਟ ਜਾਂ ਸਵੈ-ਸਕ੍ਰੀਨਿੰਗ) ਕਰਵਾ ਚੁੱਕੇ ਹੋ, ਤਾਂ ਕਿਰਪਾ ਕਰਕੇ ਇਸ ਪੱਤਰ ਨੂੰ ਨਜ਼ਰਅੰਦਾਜ਼ ਕਰੋ ਅਤੇ ਆਪਣੀ ਸਵੈ-ਸਕ੍ਰੀਨਿੰਗ ਕਿੱਟ ਡਾਕ ਰਾਹੀਂ ਭੇਜੇ ਜਾਣ ਦੀ ਪ੍ਰਕਿਰਿਆ ਰੱਦ ਕਰਵਾਉਣ ਲਈ ਸਾਡੇ ਨਾਲ 1-877-702-6566 ਜਾਂ screening@bccancer.bc.ca 'ਤੇ ਸੰਪਰਕ ਕਰੋ।

ਸਕ੍ਰੀਨਿੰਗ ਕੈਂਸਰ ਨੂੰ ਸ਼ੁਰੂਆਤੀ ਪੜਾਅ ਵਿੱਚ ਲੱਭ ਕੇ ਜਾਂ ਇਸ ਨੂੰ ਇਸ ਦੇ ਵਿਕਸਿਤ ਹੋਣ ਤੋਂ ਪਹਿਲਾਂ ਰੋਕ ਕੇ ਜ਼ਿੰਦਗੀਆਂ ਬਚਾਉਂਦੀ ਹੈ, ਭਾਵੇਂ ਕਿ ਤੁਸੀਂ ਆਪਣੇ ਆਪ ਨੂੰ ਸਿਹਤਮੰਦ ਮਹਿਸੂਸ ਕਰਦੇ ਹੋਵੋ ਅਤੇ ਤੁਹਾਨੂੰ ਕੋਈ ਲੱਛਣ ਨਾ ਵੀ ਹੋਣ। ਇਹ ਕਰਵਾਉਣਾ ਉਸ ਵੇਲੇ ਵੀ ਮਹੱਤਵਪੂਰਨ ਹੈ ਜਦੋਂ ਤੁਹਾਡੇ ਪਰਿਵਾਰ ਵਿੱਚ ਕੈਂਸਰ ਦਾ ਕੋਈ ਇਤਿਹਾਸ ਨਾ ਵੀ ਹੋਵੇ।

ਸਵੈ-ਸਕ੍ਰੀਨਿੰਗ ਕਿੱਟ:

- ✓ **ਵਰਤਣ ਵਿੱਚ ਬਹੁਤ ਆਸਾਨ:** ਤੁਹਾਡੀ ਯੋਨੀ (ਬੱਚੇਦਾਨੀ ਦੇ ਮੂੰਹ ਤੋਂ ਨਹੀਂ) ਤੋਂ ਵਧੀਆ ਨਮੂਨਾ ਲੈਣ ਲਈ ਕੇਵਲ **20** ਸਕਿੰਟ ਲੱਗਦੇ ਹਨ। ਇਹ ਟੈਸਟ ਸੁਰੱਖਿਅਤ ਹੈ ਅਤੇ ਇਸ ਨਾਲ ਦਰਦ ਨਹੀਂ ਹੋਣਾ ਚਾਹੀਦਾ। ਸਬੂਤ ਦਰਸਾਉਂਦੇ ਹਨ ਕਿ ਯੋਨੀ ਦਾ ਨਮੂਨਾ ਲੈਣ ਵਿੱਚ ਤੁਸੀਂ ਸਿਹਤ-ਸੰਭਾਲ ਪ੍ਰੋਫੈਸ਼ਨਲ ਜਿੰਨੇ ਹੀ ਸਮਰੱਥ ਹੋ।
- ✓ **ਨਿੱਜੀ:** ਇਹ ਤੁਸੀਂ ਆਪਣੇ ਆਪ, ਉਸ ਥਾਂ 'ਤੇ ਕਰ ਸਕਦੇ ਹੋ ਜਿੱਥੇ ਵੀ ਤੁਸੀਂ ਸਭ ਤੋਂ ਵੱਧ ਆਰਾਮਦਾਇਕ ਮਹਿਸੂਸ ਕਰਦੇ ਹੋ**ਵੋ,** ਜਿਵੇਂ ਕਿ ਆਪਣੇ ਘਰ ਵਿੱਚ ਜਾਂ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਦੇ ਦਫ਼ਤਰ ਵਿੱਚ।
- ✓ **ਸਰਲ:** ਤੁਸੀਂ ਇਸਨੂੰ ਬਿਨਾਂ **ਕਿਤੇ ਜਾਣ** ਜਾਂ ਕੰਮ ਤੋਂ ਛੁੱਟੀ ਲੈਣ ਦੀ ਲੋੜ ਦੇ, ਆਪਣੇ ਸੁਵਿਧਾਜਨਕ ਸਮੇਂ **'ਚ** ਕਰ ਸਕਦੇ ਹੋ।

ਜੇ ਸਾਨੂੰ ਤਿੰਨ ਹਫ਼ਤਿਆਂ ਦੇ ਅੰਦਰ ਤੁਹਾਡੇ ਵੱਲੋਂ ਕੋਈ ਜਵਾਬ ਪ੍ਰਾਪਤ ਨਹੀਂ ਹੁੰਦਾ, ਤਾਂ ਤੁਹਾਨੂੰ ਆਪਣੇ ਆਪ ਇੱਕ ਕਿੱਟ ਭੇਜ ਦਿੱਤੀ ਜਾਵੇਗੀ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਕਿੱਟ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ BC Cancer Cervix Screening ਨਾਲ **1-877-702-6566** 'ਤੇ (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਸ਼ਾਮ 5:30 ਵਜੇ ਤੱਕ ਜਾਂ ਸ਼ਨੀਵਾਰ ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ) ਜਾਂ **screening@bccancer.bc.ca** 'ਤੇ ਸੰਪਰਕ ਕਰੋ।

ਕਿਰਪਾ ਕਰਕੇ ਧਿਆਨ ਦਿਓ: ਜੇ ਤੁਹਾਨੂੰ ਪਹਿਲਾਂ ਸਰਵਿਕਸ ਕੈਂਸਰ ਹੋ ਚੁੱਕਾ ਹੈ ਜਾਂ ਤੁਹਾਡੀ ਸਰਵਿਕਸ ਨਹੀਂ ਹੈ (ਉਦਾਹਰਨ ਵਜੋਂ, ਪੂਰੀ ਹਿਸਟਰੇਕਟੋਮੀ ਤ), ਤਾਂ ਤੁਹਾਨੂੰ ਸਕ੍ਰੀਨਿੰਗ ਦੀ ਲੋੜ ਨਹੀਂ ਹੈ। ਜੇ ਸਕ੍ਰੀਨਿੰਗ ਦੀ ਹੁਣ ਲੋੜ ਨਹੀਂ ਰਹੀ, ਤਾਂ ਕਿਰਪਾ ਕਰਕੇ ਹਦਾਇਤਾਂ ਲਈ ਪਿਛਲਾ ਪਾਸਾ ਵੇਖੋ।

ਜੇ ਤੁਸੀਂ ਸਰਵਿਕਸ ਦੀ ਸਵੈ-ਸਕ੍ਰੀਨਿੰਗ ਨਹੀਂ ਕਰਨਾ ਚਾਹੁੰਦੇ, ਤਾਂ ਕਿਰਪਾ ਕਰਕੇ ਕਿਸੇ -ਸੰਭਾਲ ਪ੍ਰਦਾਨਕਰਤਾ ਨਾਲ ਪੈਪ ਟੈਸਟ ਲਈ ਸਮਾਂ ਨਿਰਧਾਰਤ ਕਰੋ। ਆਪਣੇ ਨੇੜੇ ਕਲੀਨਿਕ ਲੱਭਣ ਲਈ www.screeningbc.ca/cervix 'ਤੇ ਜਾ**ਉ** ।

ਸਰਵਿਕਸ ਸਕ੍ਰੀਨਿੰਗ ਪਹਿਲਾਂ ਕਦੇ ਵੀ ਇੰਨੀ ਆਸਾਨ ਨਹੀਂ ਰਹੀ। www.screeningstories.ca 'ਤੇ, ਜਾਣੋ ਕਿ ਸਕ੍ਰੀਨਿੰਗ ਨੇ ਲੋਕਾਂ ਦੀ ਕਿਵੇਂ ਮਦਦ ਕੀਤੀ ਹੈ ਅਤੇ www.screeningbc.ca 'ਤੇ ਇਹ ਵੀ ਜਾਣੋ ਕਿ ਸਕ੍ਰੀਨਿੰਗ ਕਿਵੇਂ ਕੰਮ ਕਰਦੀ ਹੈ । ਮੈਨੂੰ ਉਮੀਦ ਹੈ ਕਿ ਤੁਸੀਂ ਆਪਣੀ ਸਿਹਤ ਦਾ ਧਿਆਨ ਰੱਖੋਗੇ ਅਤੇ ਅੱਜ ਹੀ ਸਕ੍ਰੀਨਿੰਗ ਕਰਵਾਉਗੇ।

ਸੁਹਿਰਦਤਾ ਸਹਿਤ,

Dr. Lily Proctor
Medical Director, Cervix Screening Program

SAMPLE

BC CANCER CERVIX SCREENING
Provincial Health Services Authority

ਸਰਵਿਕਸ ਸਕ੍ਰੀਨਿੰਗ ਲਈ ਸੱਦਾ

ਮੈਨੂੰ ਇਹ ਪੱਤਰ ਕਿਉਂ ਪ੍ਰਾਪਤ ਹੋਇਆ ਹੈ?
ਸਾਡੇ ਰਿਕਾਰਡ ਦਰਸਾਉਂਦੇ ਹਨ ਕਿ ਸੰਭਵ ਹੈ ਤੁਸੀਂ ਬ੍ਰਿਟਿਸ਼ ਕੋਲੰਬੀਆ ਵਿੱਚ ਕਦੇ ਸਰਵਿਕਸ ਸਕ੍ਰੀਨਿੰਗ ਨਾ ਕਰਵਾਈ ਹੋਵੇ ਜਾਂ ਤੁਸੀਂ ਆਪਣੀ ਸਕ੍ਰੀਨਿੰਗ ਕਰਵਾਉਣ ਵਿੱਚ ਦੇਰੀ ਕਰ ਚੁੱਕੇ ਹੋਵੋ। 25 ਤੋਂ 69 ਸਾਲ ਦੀ ਉਮਰ ਦੇ ਕਿਸੇ ਨੂੰ, ਜਿਸਦੀ ਸਰਵਿਕਸ ਹੈ, ਉਨ੍ਹਾਂ ਨੂੰ ਨਿਯਮਿਤ ਤੌਰ 'ਤੇ ਸਰਵਿਕਸ ਦੇ ਕੈਂਸਰ ਦੀ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ।
ਸਕ੍ਰੀਨਿੰਗ ਇਹ ਪਤਾ ਲਗਾਉਣ ਵਿੱਚ ਮਦਦ ਕਰਦੀ ਹੈ ਕਿ ਕੀ ਤੁਹਾਨੂੰ ਆਪਣੇ ਸਰਵਿਕਸ ਵਿੱਚ ਅਸਧਾਰਨ ਸੈੱਲ ਬਣਨ ਦਾ ਖ਼ਤਰਾ ਹੈ। ਅਸਧਾਰਨ ਸੈੱਲਾਂ ਨੂੰ ਸ਼ੁਰੂਆਤੀ ਪੜਾਅ ਵਿੱਚ ਲੱਭਣਾ ਅਤੇ ਇਲਾਜ ਕਰਨਾ ਕੈਂਸਰ ਨੂੰ ਰੋਕਣ ਵਿੱਚ ਮਦਦ ਕਰ ਸਕਦਾ ਹੈ। ਸਕ੍ਰੀਨਿੰਗ ਕੈਂਸਰ ਨੂੰ ਸ਼ੁਰੂਆਤੀ ਪੜਾਅ 'ਤੇ, ਇਸ ਦੇ ਲੱਛਣ ਪੈਦਾ ਹੋਣ ਤੋਂ ਪਹਿਲਾਂ ਲੱਭ ਸਕਦੀ ਹੈ,, ਜਦੋਂ ਇਲਾਜ ਦੇ ਵਧੇਰੇ ਵਿਕਲਪ ਉਪਲਬਧ ਹੁੰਦੇ ਹਨ।

ਸਰਵਾਈਕਲ ਕੈਂਸਰ ਦੀ ਸਕ੍ਰੀਨਿੰਗ ਕਿਸਨੂੰ ਨਹੀਂ ਕਰਵਾਉਣੀ ਚਾਹੀਦੀ? ਜੇ ਤੁਹਾਨੂੰ ਪਹਿਲਾਂ ਸਰਵਾਈਕਲ ਕੈਂਸਰ ਹੋ ਚੁੱਕਾ ਹੈ ਜਾਂ ਤੁਹਾਡੀ ਸਰਵਿਕਸ ਨਹੀਂ ਹੈ (ਜਿਵੇਂ ਕਿ ਪੂਰੀ ਹਿਸਟਰੇਕਟੋਮੀ),, ਤਾਂ ਤੁਹਾਨੂੰ ਸਕ੍ਰੀਨਿੰਗ ਦੀ ਲੋੜ ਨਹੀਂ ਹੈ। ਜੇ ਸਕ੍ਰੀਨਿੰਗ ਹੁਣ ਲੋੜੀਂਦੀ ਨਹੀਂ ਹੈ, ਤਾਂ ਭਵਿੱਖ ਵਿੱਚ ਯਾਦ-ਦਿਹਾਨੀ ਸੂਚਨਾਵਾਂ ਭੇਜਣੀਆਂ ਬੰਦ ਕਰਨ ਲਈ ਕਿਰਪਾ ਕਰਕੇ 1-877-702-6566 ਜਾਂ screening@bccancer.bc.ca 'ਤੇ ਸਾਡੇ ਨਾਲ ਸੰਪਰਕ ਕਰੋ।
ਜੇ ਤੁਹਾਨੂੰ ਸੰਭੋਗ ਤੋਂ ਬਾਅਦ, ਮਹਾਵਾਰੀ ਦੇ ਵਿਚਕਾਰ ਜਾਂ ਮੈਨੋਪੌਜ਼ ਤੋਂ ਬਾਅਦ ਖੂਨ ਆਉਂਦਾ ਹੈ; ਯੋਨੀ ਵਿੱਚੋਂ ਵਧੇਰੇ ਡਿਸਚਾਰਜ ਹੁੰਦਾ ਹੈ; ਪੇਡੂ ਵਿੱਚ ਦਰਦ ਜਾਂ ਸੰਭੋਗ ਦੌਰਾਨ ਦਰਦ ਹੁੰਦਾ ਹੈ, ਤਾਂ ਇਨ੍ਹਾਂ ਲੱਛਣਾਂ ਬਾਰੇ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰਨਾ ਮਹੱਤਵਪੂਰਨ ਹੈ। ਜੇ ਤੁਸੀਂ ਗਰਭਵਤੀ ਹੋ, ਤਾਂ ਆਪਣੇ ਵਿਕਲਪਾਂ ਅਤੇ ਸਕ੍ਰੀਨਿੰਗ ਕਰਵਾਉਣ ਦੇ ਢੁੱਕਵੇਂ ਸਮੇਂ ਬਾਰੇ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ।

ਤੁਸੀਂ ਮੇਰੀ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਕਿੱਥੋਂ ਪ੍ਰਾਪਤ ਕੀਤੀ ਹੈ? Provincial Health Services Authority ਦੇ ਇੱਕ ਪ੍ਰੋਗਰਾਮ ਵਜੋਂ, ਅਸੀਂ ਸਰਕਾਰੀ ਸੰਸਥਾਵਾਂ ਅਤੇ ਉਹਨਾਂ ਸਿਹਤ ਪ੍ਰੋਫੈਸ਼ਨਲਾਂ ਤੋਂ ਸਬੰਧਿਤ ਨਿੱਜੀ ਸਿਹਤ ਜਾਣਕਾਰੀ ਅਤੇ ਸੰਪਰਕ ਵੇਰਵੇ ਪ੍ਰਾਪਤ ਕਰਦੇ ਹਾਂ ਜੋ ਤੁਹਾਡੀ ਦੇਖਭਾਲ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੁੰਦੇ ਹਨ। ਅਸੀਂ ਇਸ ਜਾਣਕਾਰੀ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕਰਦੇ ਹਾਂ ਕਿ ਤੁਹਾਨੂੰ ਕੈਂਸਰ ਸਕ੍ਰੀਨਿੰਗ ਸਬੰਧੀ ਪੱਤਰ ਕਦੋਂ ਭੇਜੇ ਜਾਣੇ ਚਾਹੀਦੇ ਹਨ ਅਤੇ ਤੁਹਾਨੂੰ ਤੁਹਾਡੇ ਸਕ੍ਰੀਨਿੰਗ ਨਤੀਜੇ ਪ੍ਰਦਾਨ ਕੀਤੇ ਜਾਣ। BC Cancer ਤੁਹਾਡੀ ਜਾਣਕਾਰੀ ਨੂੰ ਹਰ ਸਮੇਂ ਨਿੱਜੀ, ਗੁਪਤ ਅਤੇ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ।
ਅਸੀਂ ਇਸ ਜਾਣਕਾਰੀ ਦੀ ਵਰਤੋਂ ਹੇਠ ਲਿਖੇ ਉਦੇਸ਼ਾਂ ਲਈ ਕਰਦੇ ਹਾਂ:

- ਜਦੋਂ ਤੁਸੀਂ ਉਮਰ ਅਨੁਸਾਰ ਯੋਗ ਹੁੰਦੇ ਹੋ, ਤੁਹਾਨੂੰ ਸਕ੍ਰੀਨਿੰਗ ਬਾਰੇ ਵਿਚਾਰ ਕਰਨ ਲਈ ਸੱਦਾ ਦੇਣਾ;
- ਤੁਹਾਨੂੰ ਯਾਦ ਦਿਵਾਉਣਾ ਕਿ ਤੁਹਾਡੇ ਅਗਲੇ ਸਕ੍ਰੀਨਿੰਗ ਟੈਸਟ ਦਾ ਸਮਾਂ ਕਦੋਂ ਹੈ; ਅਤੇ
- ਤੁਹਾਨੂੰ ਤੁਹਾਡੇ ਸਕ੍ਰੀਨਿੰਗ ਨਤੀਜਿਆਂ ਬਾਰੇ ਜਾਣਕਾਰੀ ਦੇਣਾ, ਜਿਸ ਵਿੱਚ ਫਾਲੋ-ਅੱਪ ਜਾਣਕਾਰੀ (ਜੇ ਲੋੜੀਂਦੀ ਹੋਵੇ) ਵੀ ਸ਼ਾਮਲ ਹੈ।

ਭਵਿੱਖ ਵਿੱਚ ਬੱਚੇਦਾਨੀ ਦੇ ਮੂੰਹ ਦੀ ਸਕ੍ਰੀਨਿੰਗ ਨਾਲ ਸੰਬੰਧਿਤ ਫੀਡਬੈਕ ਸਰਵੇਖਣ ਪੂਰੇ ਕਰਨ ਲਈ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। BC Cancer ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਲਈ ਕੈਂਸਰ ਕੈਂਸਰ ਦੇਖਭਾਲ ਦੀ ਸੂਬਾਈ ਯੋਜਨਾਬੰਦੀ ਅਤੇ ਖੇਤਰੀ ਸੇਵਾਵਾਂ ਪ੍ਰਦਾਨ ਕਰਨ ਦੀ ਅਗਵਾਈ ਕਰਦਾ ਹੈ। BC Cancer ਦਾ ਮੰਡੇਟ ਕੈਂਸਰ ਦੇਖਭਾਲ ਦੇ ਪੂਰੇ ਦਾਇਰੇ ਨੂੰ ਕਵਰ ਕਰਦਾ ਹੈ ਅਤੇ ਇਸ ਵਿੱਚ ਬ੍ਰਿਟਿਸ਼ ਕੋਲੰਬੀਆ ਲਈ ਵਿਵਸਥਿਤ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਵੀ ਸ਼ਾਮਲ ਹਨ। ਜੇ ਤੁਹਾਡੇ ਕੋਲ ਕੈਂਸਰ ਸਕ੍ਰੀਨਿੰਗ ਸੂਚਨਾਵਾਂ ਬਾਰੇ ਸਵਾਲ ਹਨ, ਤਾਂ ਕਿਰਪਾ ਕਰਕੇ screeningbc.ca/notifications 'ਤੇ ਜਾਉ।

ਮੇਰਾ ਪਤਾ ਬਦਲ ਗਿਆ ਹੈ, ਮੈਨੂੰ ਕੀ ਕਰਨਾ ਚਾਹੀਦਾ ਹੈ?
ਜੇ ਤੁਹਾਡਾ ਪਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ addresschange.gov.bc.ca 'ਤੇ ਜਾ ਕੇ ICBC ਅਤੇ Health Insurance BC ਨਾਲ ਆਪਣਾ ਪਤਾ ਇੱਕੋ ਸਮੇਂ ਅੱਪਡੇਟ ਕਰੋ।

Important information, please translate.
重要信息，请翻译。
महत्वपूर्ण जानकारी, किरपा करके अनुवाद करें।
Mahalagang impormasyon, mangyaring isalin sa wikang tagalog.
Información importante; por favor, tradúzcala.
معلومات مهمة ، يرجى الترجمة.
Information importante, veuillez traduire.
重要信息，請翻譯。
Wichtige Informationen, bitte übersetzen.
중요한 정보를 번역하십시오.
Tin tức quan trọng, xin phiên dịch.
اطلاعات مهم ، لطفا ترجمه کنید.

BC Cancer ਸਕ੍ਰੀਨਿੰਗ ਸੇਵਾਵਾਂ ਪ੍ਰਦਾਨ ਕਰਨ, ਜਿਸ ਵਿੱਚ ਸੰਚਾਰ ਅਤੇ ਫਾਲੋ-ਅੱਪ ਸ਼ਾਮਲ ਹਨ, ਅਤੇ ਪ੍ਰੋਗਰਾਮ ਮੁਲਾਂਕਣ ਦੇ ਉਦੇਸ਼ਾਂ ਲਈ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰੇਗਾ ਅਤੇ ਵਰਤੇਗਾ। ਇਹ ਜਾਣਕਾਰੀ FIPPA ਧਾਰਾ 26(c) ਅਤੇ 26(e) ਦੇ ਅਨੁਸਾਰ ਇਕੱਠੀ ਕੀਤੀ ਜਾਂਦੀ ਹੈ। ਜੇ ਤੁਹਾਡੇ ਕੋਲ ਤੁਹਾਡੀ ਨਿੱਜੀ ਜਾਣਕਾਰੀ ਦੇ ਇਕੱਠੇ ਕਰਨ ਅਤੇ ਵਰਤਣ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ **screening@bccancer.bc.ca** 'ਤੇ ਸੰਪਰਕ ਕਰੋ। ਗੁਪਤਤਾ ਬਾਰੇ ਹੋਰ ਜਾਣਕਾਰੀ ਲਈ screening@bccancer.bc.ca'ਤੇ ਜਾਉ। ਜੇ ਤੁਹਾਨੂੰ ਇਹ ਜਾਣਕਾਰੀ ਗਲਤੀ ਨਾਲ ਪ੍ਰਾਪਤ ਹੋਈ ਹੈ, ਤਾਂ ਕਿਰਪਾ ਕਰਕੇ ਤੁਰੰਤ ਭੇਜਣ ਵਾਲੇ ਨਾਲ ਸੰਪਰਕ ਕਰੋ।

SAMPLE